**Director**
**(College Development)**

**IKG Punjab Technical University**
**Kapurthala Road, Jalandhar**

*Ref. No.: PTU / DCD /* 2185 *Dated:* 22/1/16

ਡਾਇਰੈਕਟਰ/ਪ੍ਰਿੰਸੀਪਲ
ਆਈ.ਕੇ.ਗੁਜਰਾਲ ਪੰਜਾਬ ਟੈਕਨੀਕਲ ਯੂਨੀਵਰਸਿਟੀ ਨਾਲ ਮਾਨਤਾ ਪ੍ਰਾਪਤ ਸਮੂਹ ਕਾਲਜ

ਵਿਸ਼ਾ:- ਕਾਲਜਾਂ ਵਿਚ ਸੈਸ਼ਨ 2016-17 ਲਈ ਕੋਰਸ ਬੰਦ ਕਰਨ /ਸੀਟਾਂ ਘਟਾਉਣ ਸਬੰਧੀ।

ਸ੍ਰੀਮਾਨ ਜੀ,

ਉਪਰੋਕਤ ਵਿਸ਼ੇ ਦੇ ਸਬੰਧ ਵਿਚ ਯੂਨੀਵਰਸਿਟੀ ਵੱਲੋਂ ਸੈਸ਼ਨ 2016-17 ਲਈ ਕਾਲਜਾਂ ਪਾਸੋਂ Extension of Approval/New College/New Course/Variation in intake ਲਈ ਦਰਖਾਸਤਾਂ ਮੰਗੀਆ ਗਈਆ ਹਨ।
ਜੋ ਸੰਸਥਾਵਾਂ ਕਾਲਜ਼ਾਂ ਵਿਚ ਕੋਰਸ ਬੰਦ ਕਰਨਾ ਚਾਹੁੰਦੇ ਹਨ, ਜਾਂ ਸੀਟਾਂ ਨੂੰ ਘਟਾਉਣਾ ਚਾਹੁੰਦੇ ਹਨ, ਉਹਨਾਂ ਨੂੰ ਆਨਲਾਈਨ ਅਪਲਾਈ ਕਰਨ ਦੇ ਨਾਲ ਯੂਨੀਵਰਸਿਟੀ ਵਿਚ ਵੱਖਰੇ ਤੋਰ ਤੇ ਕੋਰਸ ਬੰਦ ਕਰਨ ਸਬੰਧੀ ਪੱਤਰ ਜਮਾਂ ਕਰਵਾਉਣਾ ਲਾਜ਼ਮੀ ਹੋਵੇਗਾ ਅਤੇ ਕੇਵਲ ਆਨਲਾਈਨ ਅਪਲਾਈ ਕਰਨ ਦੇ ਅਧਾਰ ਤੇ ਹੀ ਉਹਨਾਂ ਦਾ ਕੋਰਸ ਬੰਦ ਨਹੀਂ ਕੀਤਾ ਜਾਵੇਗਾ। ਦਰਖਾਸਤ ਨਾਲ ਨੱਥੀ ਕੀਤੇ ਜਾਣ ਵਾਲੇ ਦਸਤਾਵੇਜਾਂ ਦਾ ਵੇਰਵਾ ਹੇਠ ਅਨੁਸਾਰ ਹੈ:-

1 ਆਨਲਾਈਨ ਅਪਲਾਈ ਕਰਨ ਸਬੰਧੀ ਦਰਖਾਸਤ ਦੀ ਕਾਪੀ
2 ਸੁਸਾਇਟੀ ਦਾ ਮਤਾ
3 ਵਿੱਤ ਵਿਭਾਗ ਵੱਲੋਂ ਮੋਜੂਦਾ ਸੈਸ਼ਨ ਤੱਕ ਦਾ ਐਨ.ਓ.ਸੀ.
4 ਕੋਰਸ ਵਿਚ ਪੜ੍ਹ ਰਹੇ ਵਿਦਿਆਰਥੀਆਂ ਦਾ ਵੇਰਵਾ
5 ਸਟਾਫ ਅਤੇ ਵਿਦਿਆਰਥੀਆਂ ਪ੍ਰਤੀ ਸੁਸਾਇਟੀ ਦਾ ਘੋਸ਼ਣਾ ਪੱਤਰ

ਸਮੂਹ ਸੰਸਥਾਵਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਕੋਰਸ ਬੰਦ ਕਰਨ ਸਬੰਧੀ ਉਕਤ ਦਸਤਾਵੇਜ਼ ਜਮਾਂ ਕਰਵਾਉਣ ਉਪਰੰਤ ਹੀ ਕਾਲਜ ਨੂੰ ਕੋਰਸ ਬੰਦ ਕਰਨ ਸਬੰਧੀ ਨੋਟੀਫਿਕੇਸ਼ਨ/ਐਨ.ਓ.ਸੀ. ਜਾਰੀ ਕੀਤਾ ਜਾ ਸਕੇਗਾ।

ਆਦਰ ਸਹਿਤ

ਡਾਇਰੈਕਟਰ (ਕਾਲਜ ਵਿਕਾਸ)